Punjab Government Gazette

Published by Authority

No. 5] CHANDIGARH, FRIDAY, JANUARY 30, 2026 (MAGHA 10, 1947 SAKA)

PART III

Notifications by High Court ; Labour Commissioner ; Advertisements ;

Director of Lotteries, Punjab and Notices, etc.

ਪੰਜਾਬ ਸਰਕਾਰ

ਕਿਰਤ ਵਿਭਾਗ

ਦਫ਼ਤਰ ਕਿਰਤ ਕਮਿਸ਼ਨਰ, ਪੰਜਾਬ

ਅਧਿਸੂਚਨਾ

ਮਿਤੀ 9 ਫਰਵਰੀ, 2023

ਨੰ:ਓਵ/1562.- ਮੇਰੀ ਰਾਇ ਹੈ ਕਿ ਕਿਰਤੀਆਂ/ਯੂਨੀਅਨ/ਮਾਰਫਤ/ਵਲੋਂ Punjab Medical Represntative Association (PMRA), Rgd. 13-E, 2nd Floor, Dilkhusha Market, Jalandhar 1) ਦੀ ਮੈਨੇਜਿੰਗ ਡਾਇਰੈਕਟਰ ਮੈਸ. ਪੈਨੇਸੀਆ ਬਾਇਓਟੈਕ ਲਿਮਿਟਿਡ, ਬੀ-1, ਐਕਟੈਂਸ਼ਨ ਜੀ-3, ਮਥੁਰਾ ਰੋਡ, ਬਲਾਕ-ਈ, ਮੋਹਨ ਕੋਆਪਰੇਟਿਵ ਇੰਡਸਟਰੀਅਲ ਅਸਟੇਟ, ਬਦਰਪੁਰ, ਨਵੀਂ ਦਿੱਲੀ-110044 2) ਮੈਸ.ਦੀ ਮੈਨੇਜਿੰਗ ਡਾਇਰੈਕਟਰ ਮੈਨਕਾਈਡ ਫਾਰਮਾ 208, ਓਖਲਾ ਫੇਜ਼-3, ਓਖਲਾ ਇੰਡਸਟਰੀਅਲ ਅਸਟੇਟ, ਨਵੀਂ ਦਿੱਲੀ-110020 ਵਿਚਕਾਰ ਹੇਠ ਅਨੁਸਾਰ ਝਗੜਾ ਹੋਂਦ ਵਿਚ ਹੈ ਅਤੇ ਮੇਰੀ ਰਾਏ ਵਿਚ ਇਹ ਮਾਮਲਾ ਨਿਆਂ-ਨਿਰਣੈ ਲਈ ਭੇਜਣਾ ਬਣਦਾ ਹੈ। ਉਦਯੋਗਿਕ ਵਿਵਾਦ ਐਕਟ, 1947 ਦੀ ਧਾਰਾ 2-ਕੇ ਅਤੇ ਧਾਰਾ-10 ਦੀ ਉਪ ਧਾਰਾ (1) ਦੇ ਖੰਡ (ਡੀ) ਅਤੇ ਪੰਜਾਬ ਸਰਕਾਰ ਦੀ ਅਧਿਸੂਚਨਾ ਨੰ:ਐਸ.ਓ.66/ਸੀ.ਏ.14/47 ਐਸ.39 ਮਿਤੀ 19.09.1988 ਰਾਹੀਂ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋ ਕਰਦੇ ਹੋਏ ਐਕਟ ਦੀ ਧਾਰਾ 7-ਏ ਅਧੀਨ ਬਣਾਏ ਗਏ ਇੰਡਸਟ੍ਰੀਅਲ ਟ੍ਰਿਬਿਊਨਲ, ਜਲੰਧਰ ਨੂੰ ਪ੍ਰਬੰਧਕਾਂ ਅਤੇ ਕਿਰਤੀਆਂ ਦੇ ਝਗੜੇ ਬਾਰੇ ਨਿਆਂ ਨਿਰਣੇ ਲਈ ਅਵਾਰਡ 6 ਮਹੀਨੇ ਦੇ ਅੰਦਰ-ਅੰਦਰ ਦੇਣ ਲਈ ਭੇਜਦਾ ਹਾਂ-

"ਕਿ ਕਿਰਤੀ ਸ਼੍ਰੀ ਜਲਪ੍ਰੀਤ ਸਿੰਘ ਦੀ ਨਿਯੁਕਤੀ ਬਤੌਰ ਬਿਜ਼ਨਸ ਡਿਵੈਲਪਮੈਂਟ ਐਗਜੀਕਿਊਟਿਵ ਹੈੱਡ ਕੁਆਰਟਰ ਦਿੱਲੀ ਵਿਖੇ ਕਾਨੂੰਨੀ ਅਤੇ ਜਾਇਜ਼ ਹੈ? ਜੇਕਰ ਹਾਂ ਤਾਂ ਉਸਨੂੰ ਕੀ ਲਾਭ ਮਿਲਣਾ ਚਾਹੀਦਾ ਹੈ"?

ਤੇਜ ਪ੍ਰਤਾਪ ਸਿੰਘ ਫੂਲਕਾ, ਆਈ.ਏ.ਐਸ

ਮਿਤੀ 19 ਜਨਵਰੀ, 2023 ਕਿਰਤ ਕਮਿਸ਼ਨਰ, ਪੰਜਾਬ।

3622/1-2026/Pb. Govt. Press, S.A.S. Nagar